**ਵੈਕਸੀਨ ਬਾਰੇ ਜਾਣਕਾਰੀ ਸਟੇਟਮੈਂਟ** PUNJABI

# ਐਚਪੀਵੀ (ਹਿਊਮਨ ਪੈਪਿਲੋਮਾਵਾਇਰਸ) ਵੈਕਸੀਨ: *ਤੁਹਾਨੂੰ ਕੀ ਕੁਝ ਜਾਣਨ ਦੀ ਲੋੜ ਹੈ*

Many Vaccine Information Statements are available in Punjabi and other languages. See www.immunize.org/vis

ਪੰਜਾਬੀ ਅਤੇ ਦੂਜੀਆਂ ਭਾਸ਼ਾਵਾਂ ਵਿੱਚ ਟੀਕਿਆਂ ਦੀਆਂ ਕਈ ਦਵਾਈਆਂ ਬਾਰੇ ਜਾਣਕਾਰੀ ਸਟੇਟਮੈਂਟਸ ਉਪਲਬਧ ਹਨ। ਦੇਖੋ www.immunize.org/vis

## 1 ਵੈਕਸੀਨ ਕਿਉਂ ਲਗਵਾਇਆ ਜਾਏ?

ਐਚਪੀਵੀ ਵੈਕਸੀਨ ਹਿਊਮਨ ਪੈਪਿਲੋਮਾਵਾਇਰਸ (human papillomavirus) (HPV) ਦੀਆਂ ਕਈ ਕਿਸਮਾਂ ਤੋਂ ਸੁਰੱਖਿਆ ਕਰਦਾ ਹੈ ਜਿਨ੍ਹਾਂ ਦਾ ਸਬੰਧ ਕਈ ਕੈਂਸਰਾਂ ਦੇ ਨਾਲ ਹੁੰਦਾ ਹੈ ਜਿਨ੍ਹਾਂ ਵਿੱਚ ਸ਼ਾਮਿਲ ਹਨ:

- **ਸਰਵਿਕਲ ਕੈਂਸਰ,** ਔਰਤਾਂ ਵਿੱਚ,
- **ਯੋਨੀ ਅਤੇ ਯੋਨੀ-ਦੁਆਰ ਦੇ ਕੈਂਸਰ,** ਔਰਤਾਂ ਵਿੱਚ,
- **ਗੁਦਾ ਦਾ ਕੈਂਸਰ,** ਔਰਤਾਂ ਅਤੇ ਮਰਦਾਂ ਵਿੱਚ,
- **ਗਲੇ ਦਾ ਕੈਂਸਰ,** ਔਰਤਾਂ ਅਤੇ ਮਰਦਾਂ ਵਿੱਚ, ਅਤੇ
- **ਲਿੰਗੀ ਕੈਂਸਰ,** ਮਰਦਾਂ ਵਿੱਚ।

ਇਸਦੇ ਇਲਾਵਾ, ਐਚਪੀਵੀ ਵੈਕਸੀਨ HPV ਦੀਆਂ ਉਹਨਾਂ ਕਿਸਮਾਂ ਕਾਰਨ ਹੋਣ ਵਾਲੀ ਲਾਗ ਨੂੰ ਰੋਕਦਾ ਹੈ ਜੋ ਔਰਤਾਂ ਅਤੇ ਮਰਦਾਂ ਦੋਨਾਂ ਵਿੱਚ **ਜਣਨ ਇੰਦਰੀਆਂ ਦੇ ਅੰਦਰ ਗੱਠਾਂ (warts)** ਬਣਾਉਂਦੀਆਂ ਹਨ।

ਅਮਰੀਕਾ ਵਿੱਚ ਹਰ ਸਾਲ ਤਕਰੀਬਨ 12,000 ਔਰਤਾਂ ਨੂੰ ਸਰਵਿਕਲ ਕੈਂਸਰ ਹੁੰਦਾ ਹੈ ਅਤੇ ਤਕਰੀਬਨ 4,000 ਔਰਤਾਂ ਦੀ ਇਸਦੇ ਕਾਰਨ ਮੌਤ ਹੁੰਦੀ ਹੈ। ਐਚਪੀਵੀ ਵੈਕਸੀਨ ਸਰਵਿਕਲ ਕੈਂਸਰ ਦੇ ਇਹਨਾਂ ਮਾਮਲਿਆਂ ਵਿੱਚੋਂ ਜ਼ਿਆਦਾਤਰ ਨੂੰ ਹੋਣ ਤੋਂ ਰੋਕ ਸਕਦਾ ਹੈ।

*ਵੈਕਸੀਨ ਲਗਵਾਉਣਾ ਸਰਵਿਕਲ ਕੈਂਸਰ ਦੀ ਸਕ੍ਰੀਨਿੰਗ ਦੀ ਥਾਂ ਨਹੀਂ ਲੈ ਸਕਦਾ। ਇਹ ਵੈਕਸੀਨ HPV ਦੀਆਂ ਸਰਵਿਕਲ ਕੈਂਸਰ ਕਰ ਸਕਣ ਵਾਲੀਆਂ ਸਾਰੀਆਂ ਕਿਸਮਾਂ ਤੋਂ ਬਚਾਅ ਨਹੀਂ ਕਰਦਾ ਹੈ। ਔਰਤਾਂ ਨੂੰ ਹਾਲਾਂ ਵੀ ਨੇਮ ਨਾਲ ਪੈਪ (Pap) ਟੈਸਟ ਕਰਵਾਉਣ ਦੀ ਲੋੜ ਹੁੰਦੀ ਹੈ।*

HPV ਦੀ ਲਾਗ ਅਕਸਰ ਜਿਨਸੀ ਸਬੰਧਾਂ ਤੋਂ ਹੁੰਦੀ ਹੈ ਅਤੇ ਜ਼ਿਆਦਾਤਰ ਲੋਕ ਆਪਣੀ ਜ਼ਿੰਦਗੀ ਦੇ ਕਿਸੇ ਨਾ ਕਿਸੇ ਪੜਾਅ 'ਤੇ ਇਸ ਲਾਗ ਤੋਂ ਪੀੜਤ ਹੁੰਦੇ ਹਨ। ਹਰ ਸਾਲ ਤਕਰੀਬਨ 14 ਮਿਲੀਅਨ ਅਮਰੀਕੀ ਇਸ ਲਾਗ ਦਾ ਸ਼ਿਕਾਰ ਹੁੰਦੇ ਹਨ ਜਿਨ੍ਹਾਂ ਵਿੱਚ ਕਿਸ਼ੋਰ ਵੀ ਸ਼ਾਮਿਲ ਹਨ। ਜ਼ਿਆਦਾਤਰ ਲਾਗਾਂ ਆਪਣੇ ਆਪ ਖਤਮ ਹੋ ਜਾਂਦੀਆਂ ਹਨ ਅਤੇ ਉਹਨਾਂ ਕਰਕੇ ਕੋਈ ਗੰਭੀਰ ਸਮੱਸਿਆਵਾਂ ਨਹੀਂ ਹੁੰਦੀਆਂ। ਪਰ ਹਜ਼ਾਰਾਂ ਲੋਕਾਂ ਨੂੰ HPV ਦੇ ਕਾਰਨ ਕੈਂਸਰ ਅਤੇ ਦੂਜੀਆਂ ਬਿਮਾਰੀਆਂ ਹੋ ਜਾਂਦੀਆਂ ਹਨ।

## 2 ਐਚਪੀਵੀ ਵੈਕਸੀਨ

ਐਚਪੀਵੀ ਵੈਕਸੀਨ ਨੂੰ FDA ਵਲੋਂ ਪ੍ਰਵਾਨਗੀ ਮਿਲੀ ਹੋਈ ਹੈ ਅਤੇ CDC ਮਰਦਾਂ ਅਤੇ ਔਰਤਾਂ ਦੋਨਾਂ ਲਈ ਇਸਨੂੰ ਲਗਵਾਉਣ ਦੀ ਸਿਫਾਰਸ਼ ਕਰਦੇ ਹਨ। ਅਕਸਰ ਇਸਨੂੰ 11 ਜਾਂ 12 ਸਾਲ ਦੀ ਉਮਰ ਵਿੱਚ ਲਗਾਇਆ ਜਾਂਦਾ ਹੈ ਪਰ ਇਸਨੂੰ 9 ਸਾਲ ਤੋਂ 26 ਸਾਲ ਦੀ ਉਮਰ ਤੱਕ ਲਗਾਇਆ ਜਾ ਸਕਦਾ ਹੈ।

9 ਸਾਲ ਤੋਂ 14 ਸਾਲ ਦੇ ਜ਼ਿਆਦਾਤਰ ਬੱਚਿਆਂ ਨੂੰ ਐਚਪੀਵੀ ਵੈਕਸੀਨ 6 ਤੋਂ 12 ਮਹੀਨੇ ਦੀ ਵਿੱਥ ਵਾਲੀਆਂ ਦੋ-ਖੁਰਾਕਾਂ ਦੀ ਲੜੀ ਦੇ ਰੂਪ ਵਿੱਚ ਲਗਵਾਉਣਾ ਚਾਹੀਦਾ ਹੈ। ਜੋ ਲੋਕ 15 ਸਾਲ ਜਾਂ ਉਸ ਤੋਂ ਵਧ ਉਮਰ ਵਿੱਚ ਐਚਪੀਵੀ ਵੈਕਸੀਨ ਲਗਵਾਉਣਾ ਸ਼ੁਰੂ ਕਰਦੇ ਹਨ ਉਹਨਾਂ ਨੂੰ ਤਿੰਨ-ਖੁਰਾਕਾਂ ਵਾਲੀ ਲੜੀ ਦੇ ਰੂਪ ਵਿੱਚ ਇਸਨੂੰ ਲਗਵਾਉਣਾ ਚਾਹੀਦਾ ਹੈ ਜਿਸ ਵਿੱਚ ਦੂਜੀ ਖੁਰਾਕ ਪਹਿਲੀ ਖੁਰਾਕ ਦੇ 1-2 ਮਹੀਨੇ ਬਾਅਦ ਦਿੱਤੀ ਜਾਣੀ ਚਾਹੀਦੀ ਹੈ ਅਤੇ ਤੀਜੀ ਖੁਰਾਕ ਪਹਿਲੀ ਖੁਰਾਕ ਤੋਂ 6 ਮਹੀਨੇ ਬਾਅਦ ਦਿੱਤੀ ਜਾਣੀ ਚਾਹੀਦੀ ਹੈ। ਉਮਰ ਸਬੰਧੀ ਇਹਨਾਂ ਸਿਫਾਰਸ਼ਾਂ ਵਿੱਚ ਕਈ ਛੋਟਾਂ ਹਨ। ਤੁਹਾਡਾ ਸਿਹਤ ਦੇਖਭਾਲ ਪ੍ਰਦਾਤਾ ਤੁਹਾਨੂੰ ਇਸ ਬਾਰੇ ਹੋਰ ਜਾਣਕਾਰੀ ਦੇ ਸਕਦਾ ਹੈ।

## 3 ਕੁਝ ਲੋਕਾਂ ਨੂੰ ਇਹ ਟੀਕੇ ਨਹੀਂ ਲਗਵਾਉਣੇ ਚਾਹੀਦੇ

- ਜੇ ਕਿਸੇ ਵਿਅਕਤੀ ਨੂੰ ਐਚਪੀਵੀ ਵੈਕਸੀਨ ਦੀ ਕਿਸੇ ਖੁਰਾਕ ਕਾਰਨ ਐਲਰਜੀ ਦੀ ਗੰਭੀਰ (ਜਾਨਲੇਵਾ ਹੋ ਸਕਣ ਵਾਲੀ) ਪ੍ਰਤੀਕਿਰਿਆ ਹੁੰਦੀ ਹੈ ਤਾਂ ਉਸ ਵਿਅਕਤੀ ਨੂੰ ਐਚਪੀਵੀ ਵੈਕਸੀਨ ਦੀ ਹੋਰ ਖੁਰਾਕ ਨਹੀਂ ਦਿੱਤੀ ਜਾਣੀ ਚਾਹੀਦੀ।
- ਜੇ ਕਿਸੇ ਵਿਅਕਤੀ ਨੂੰ ਐਚਪੀਵੀ ਵੈਕਸੀਨ ਦੇ ਕਿਸੇ ਅੰਸ਼ ਤੋਂ ਗੰਭੀਰ (ਜਾਨਲੇਵਾ ਹੋ ਸਕਣ ਵਾਲੀ) ਐਲਰਜੀ ਹੈ ਤਾਂ ਉਸਨੂੰ ਇਹ ਵੈਕਸੀਨ ਨਹੀਂ ਲਗਵਾਉਣਾ ਚਾਹੀਦਾ।

  *ਜੇ ਤੁਹਾਨੂੰ ਆਪਣੀ ਕਿਸੇ ਗੰਭੀਰ ਐਲਰਜੀ ਬਾਰੇ ਪਤਾ ਹੈ, ਜਿਸ ਵਿੱਚ ਖਮੀਰ ਤੋਂ ਗੰਭੀਰ ਐਲਰਜੀ ਵੀ ਸ਼ਾਮਲ ਹੈ, ਤਾਂ ਇਸ ਬਾਰੇ ਆਪਣੇ ਡਾਕਟਰ ਨੂੰ ਦੱਸੋ।*
- ਗਰਭਵਤੀ ਔਰਤਾਂ ਲਈ ਐਚਪੀਵੀ ਵੈਕਸੀਨ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ ਹੈ। ਜੇ ਤੁਹਾਨੂੰ ਪਤਾ ਚਲਦਾ ਹੈ ਕਿ ਜਿਸ ਸਮੇਂ ਤੁਹਾਨੂੰ ਵੈਕਸੀਨ ਲਗਾਇਆ ਗਿਆ ਸੀ ਉਸ ਸਮੇਂ ਤੁਸੀਂ ਗਰਭਵਤੀ ਸੀ, ਤਾਂ ਤੁਹਾਨੂੰ ਆਪਣੇ ਲਈ ਜਾਂ ਬੱਚੇ ਲਈ ਕੋਈ ਸਮੱਸਿਆ ਹੋਣ ਦੀ ਚਿੰਤਾ ਕਰਨ ਦੀ ਲੋੜ ਨਹੀਂ ਹੈ। ਜੇ ਕਿਸੇ ਔਰਤ ਨੂੰ ਪਤਾ ਚਲਦਾ ਹੈ ਕਿ ਜਿਸ ਸਮੇਂ ਉਸਨੂੰ ਐਚਪੀਵੀ ਵੈਕਸੀਨ ਲਗਾਇਆ ਗਿਆ ਸੀ ਉਸ ਸਮੇਂ ਉਹ ਗਰਭਵਤੀ ਸੀ ਤਾਂ ਉਸਨੂੰ ਪ੍ਰੇਰਿਤ ਕੀਤਾ ਜਾਂਦਾ ਹੈ ਕਿ ਉਹ 1-800-986-8999 ਨੰਬਰ 'ਤੇ ਗਰਭ ਦੌਰਾਨ ਐਚਪੀਵੀ ਵੈਕਸੀਨ ਲਗਵਾਉਣ ਸਬੰਧੀ ਨਿਰਮਾਤਾ ਦੀ ਰਜਿਸਟਰੀ ਨਾਲ ਸੰਪਰਕ ਕਰੇ। ਛਾਤੀ ਚੁੰਘਾਉਂਣ ਵਾਲੀਆਂ ਔਰਤਾਂ ਵੈਕਸੀਨ ਲਗਵਾ ਸਕਦੀਆਂ ਹਨ।
- ਜੇ ਤੁਹਾਨੂੰ ਜ਼ੁਕਾਮ ਵਰਗੀ ਕੋਈ ਮਾਮੂਲੀ ਤਕਲੀਫ ਹੈ, ਤਾਂ ਸ਼ਾਇਦ ਤੁਸੀਂ ਅੱਜ ਹੀ ਵੈਕਸੀਨ ਲਗਵਾ ਸਕਦੇ ਹੋ। ਜੇ ਤੁਸੀਂ ਕਾਫੀ ਜਾਂ ਬਹੁਤ ਬਿਮਾਰ ਹੋ ਤਾਂ ਤੁਹਾਨੂੰ ਸ਼ਾਇਦ ਆਪਣੇ ਠੀਕ ਹੋਣ ਤੱਕ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ। ਤੁਹਾਡਾ ਡਾਕਟਰ ਤੁਹਾਨੂੰ ਸਲਾਹ ਦੇ ਸਕਦਾ ਹੈ।

## 4 ਵੈਕਸੀਨ ਤੋਂ ਪ੍ਰਤੀਕਿਰਿਆ ਦੇ ਜੋਖਮ

ਵੈਕਸੀਨਾਂ ਸਮੇਤ, ਕਿਸੇ ਵੀ ਦਵਾਈ ਦੇ ਮਾੜੇ ਅਸਰ ਹੋਣ ਦੀ ਸੰਭਾਵਨਾ ਹੁੰਦੀ ਹੈ। ਆਮ ਤੌਰ 'ਤੇ ਇਹ ਪ੍ਰਤੀਕਿਰਿਆਵਾਂ ਮਾਮੂਲੀ ਹੁੰਦੀਆਂ ਹਨ ਅਤੇ ਕੁਝ ਦਿਨਾਂ ਦੇ ਅੰਦਰ ਆਪਣੇ ਆਪ ਖਤਮ ਹੋ ਜਾਂਦੀਆਂ ਹਨ, ਪਰ ਗੰਭੀਰ ਪ੍ਰਤੀਕਿਰਿਆਵਾਂ ਵੀ ਹੋ ਸਕਦੀਆਂ ਹਨ।

ਐਚਪੀਵੀ ਵੈਕਸੀਨ ਲਗਵਾਉਣ ਵਾਲੇ ਜ਼ਿਆਦਾਤਰ ਲੋਕਾਂ ਨੂੰ ਇਸ ਨਾਲ ਕੋਈ ਗੰਭੀਰ ਸਮੱਸਿਆ ਨਹੀਂ ਹੁੰਦੀ।

**ਐਚਪੀਵੀ ਵੈਕਸੀਨ ਦੇ ਬਾਅਦ ਹੋਣ ਵਾਲੀਆਂ ਮਾਮੂਲੀ ਜਾਂ ਦਰਮਿਆਨੇ ਦਰਜੇ ਦੀਆਂ ਸਮੱਸਿਆਵਾਂ:**

- ਬਾਂਹ ਵਿੱਚ ਟੀਕੇ ਵਾਲੀ ਥਾਂ 'ਤੇ ਹੋਣ ਵਾਲੀਆਂ ਪ੍ਰਤੀਕਿਰਿਆਵਾਂ:
  - ਦਰਦ (10 ਵਿਚੋਂ ਤਕਰੀਬਨ 9 ਲੋਕਾਂ ਨੂੰ)
  - ਲਾਲੀ ਜਾਂ ਸੋਜਸ਼ (3 ਵਿਚੋਂ ਤਕਰੀਬਨ 1 ਵਿਅਕਤੀ ਨੂੰ)
- ਬੁਖਾਰ:
  - ਹਲਕਾ (100°F) (ਤਕਰੀਬਨ 10 ਵਿਚੋਂ 1 ਵਿਅਕਤੀ ਨੂੰ)
  - ਵਿਚਕਾਰਲੇ ਦਰਜੇ ਦਾ (102°F) (ਤਕਰੀਬਨ 65 ਵਿਚੋਂ 1 ਵਿਅਕਤੀ ਨੂੰ)
- ਹੋਰ ਸਮੱਸਿਆਵਾਂ:
  - ਸਿਰ ਦਰਦ (ਤਕਰੀਬਨ 3 ਵਿਚੋਂ 1 ਵਿਅਕਤੀ ਨੂੰ)



U.S. Department of Health and Human Services
Centers for Disease Control and Prevention

**ਟੀਕੇ ਰਾਹੀ ਕੋਈ ਵੀ ਵੈਕਸੀਨ ਲਗਵਾਉਣ ਦੇ ਬਾਅਦ ਹੋ ਸਕਣ ਵਾਲੀਆਂ ਸਮੱਸਿਆਵਾਂ:**

- ਵੈਕਸੀਨ ਲਗਾਉਣ ਸਮੇਤ, ਕਿਸੇ ਵੀ ਮੈਡੀਕਲ ਪ੍ਰਕਿਰਿਆ ਦੇ ਬਾਅਦ ਲੋਕ ਕਈ ਵਾਰੀ ਬੇਹੋਸ਼ ਹੋ ਜਾਂਦੇ ਹਨ। ਤਕਰੀਬਨ 15 ਮਿੰਟਾਂ ਲਈ ਬੈਠਣ ਜਾਂ ਲੇਟ ਜਾਣ ਨਾਲ, ਬੇਹੋਸ਼ ਹੋਣ ਜਾਂ ਡਿੱਗਣ ਕਰਕੇ ਸੱਟ ਲਗਣ ਤੋਂ ਬਚਾਅ ਹੋ ਸਕਦਾ ਹੈ। ਜੇ ਤੁਹਾਡਾ ਸਿਰ ਚਕਰਾਉਂਦਾ ਹੈ, ਜਾਂ ਜੇ ਤੁਹਾਡੀ ਨਜ਼ਰ ਵਿੱਚ ਤਬਦੀਲੀ ਆਉਂਦੀ ਹੈ ਜਾਂ ਕੰਨਾਂ ਵਿੱਚ ਘੰਟੀਆਂ ਵੱਜਦੀਆਂ ਹਨ ਤਾਂ ਇਸ ਬਾਰੇ ਆਪਣੇ ਡਾਕਟਰ ਨੂੰ ਦੱਸੋ।
- ਕੁਝ ਲੋਕਾਂ ਨੂੰ ਮੋਢੇ ਵਿੱਚ ਤੇਜ਼ ਦਰਦ ਹੋ ਜਾਂਦਾ ਹੈ ਅਤੇ ਉਹਨਾਂ ਨੂੰ ਟੀਕੇ ਵਾਲੀ ਥਾਂ 'ਤੇ ਬਾਂਹ ਨੂੰ ਹਿਲਾਉਣ ਵਿੱਚ ਮੁਸ਼ਕਲ ਹੁੰਦੀ ਹੈ। ਅਜਿਹਾ ਬਹੁਤ ਹੀ ਘੱਟ ਵਾਰ ਹੁੰਦਾ ਹੈ।
- ਕਿਸੇ ਵੀ ਦਵਾਈ ਤੋਂ ਗੰਭੀਰ ਐਲਰਜੀ ਵਾਲੀ ਪ੍ਰਤੀਕਿਰਿਆ ਹੋ ਸਕਦੀ ਹੈ। ਵੈਕਸੀਨ ਤੋਂ ਅਜਿਹੀਆਂ ਪ੍ਰਤੀਕਿਰਿਆਵਾਂ ਵਿਰਲੇ ਹੀ ਕਦੇ ਹੁੰਦੀਆਂ ਹਨ ਅਤੇ ਅਨੁਮਾਨ ਹੈ ਕਿ ਤਕਰੀਬਨ ਇੱਕ ਮਿਲੀਅਨ ਖੁਰਾਕਾਂ ਵਿਚੋਂ ਇਕ ਖੁਰਾਕ ਅਜਿਹਾ ਕਰਦੀ ਹੈ, ਅਤੇ ਇਹ ਪ੍ਰਤੀਕਿਰਿਆ ਟੀਕਾ ਲਗਣ ਦੇ ਬਾਅਦ ਕੁਝ ਮਿੰਟਾਂ ਤੋਂ ਲੈ ਕੇ ਕੁਝ ਘੰਟਿਆਂ ਦੇ ਅੰਦਰ ਹੁੰਦੀ ਹੈ।

ਕਿਸੇ ਵੀ ਹੋਰ ਦਵਾਈ ਵਾਂਗ, ਵੈਕਸੀਨ ਨਾਲ ਵੀ ਗੰਭੀਰ ਸੱਟ ਜਾਂ ਮੌਤ ਦੀ ਬਹੁਤ ਹੀ ਘੱਟ ਸੰਭਾਵਨਾ ਹੁੰਦੀ ਹੈ।

ਵੈਕਸੀਨਾਂ ਦੀ ਸੁਰੱਖਿਅਤਾ ਦੇ ਉੱਪਰ ਹਮੇਸ਼ਾ ਨਜ਼ਰ ਰੱਖੀ ਜਾਂਦੀ ਹੈ। ਹੋਰ ਜਾਣਕਾਰੀ ਲਈ ਦੇਖੋ: **www.cdc.gov/vaccinesafety**/.

## 5 ਜੇ ਕੋਈ ਗੰਭੀਰ ਪ੍ਰਤੀਕਿਰਿਆ ਹੁੰਦੀ ਹੈ ਤਾਂ ਕੀ ਕਰੀਏ?

**ਮੈਂ ਕਿਸ ਚੀਜ਼ ਦੀ ਭਾਲ ਕਰਾਂ?**

ਕਿਸੇ ਵੀ ਅਜਿਹੀ ਚੀਜ਼ ਦੀ ਭਾਲ ਕਰੋ ਜਿਸ ਕਾਰਨ ਤੁਹਾਨੂੰ ਚਿੰਤਾ ਹੁੰਦੀ ਹੋਵੇ, ਜਿਵੇਂ ਕਿਸੇ ਗੰਭੀਰ ਐਲਰਜੀ ਦੇ ਲੱਛਣ, ਬਹੁਤ ਤੇਜ਼ ਬੁਖਾਰ, ਜਾਂ ਅਸਧਾਰਨ ਵਤੀਰਾ।

ਜੋ ਲੱਛਣ **ਗੰਭੀਰ ਐਲਰਜੀ ਪ੍ਰਤੀਕਿਰਿਆ** ਦਰਸਾਉਂਦੇ ਹਨ ਉਹਨਾਂ ਵਿੱਚ ਧਫੜੀ, ਚਿਹਰੇ ਅਤੇ ਗਲੇ ਦੀ ਸੋਜਸ਼, ਸਾਹ ਲੈਣ ਵਿੱਚ ਕਠਨਾਈ, ਦਿਲ ਦੀ ਤੇਜ਼ ਧੜਕਣ, ਸਿਰ ਚਕਰਾਉਣਾ ਅਤੇ ਸਰੀਰ ਦੀ ਕਮਜ਼ੋਰੀ ਸ਼ਾਮਲ ਹਨ। ਇਹ ਲੱਛਣ ਆਮ ਤੌਰ 'ਤੇ ਟੀਕਾ ਲਗਾਉਣ ਦੇ ਬਾਅਦ ਕੁਝ ਮਿੰਟਾਂ ਤੋਂ ਲੈ ਕੇ ਕੁਝ ਘੰਟਿਆਂ ਦੇ ਅੰਦਰ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ।

**ਮੈਨੂੰ ਕੀ ਕਰਨਾ ਚਾਹੀਦਾ ਹੈ?**

ਜੇ ਤੁਸੀਂ ਸੋਚਦੇ ਹੋ ਕਿ ਇਹ **ਗੰਭੀਰ ਐਲਰਜੀ ਦੀ ਪ੍ਰਤੀਕਿਰਿਆ** ਜਾਂ ਕੋਈ ਹੋਰ ਐਮਰਜੈਂਸੀ ਹੈ ਜਿਸ ਵਿੱਚ ਫੌਰਨ ਕਾਰਵਾਈ ਦੀ ਲੋੜ ਹੈ ਤਾਂ 9-1-1 'ਤੇ ਕਾਲ ਕਰੋ ਜਾਂ ਸਭ ਤੋਂ ਨਜ਼ਦੀਕੀ ਹਸਪਤਾਲ ਵਿੱਚ ਪਹੁੰਚੋ। ਵਰਨਾ, ਆਪਣੇ ਡਾਕਟਰ ਨੂੰ ਕਾਲ ਕਰੋ।

ਬਾਅਦ ਵਿੱਚ, ਇਸ ਪ੍ਰਤੀਕਿਰਿਆ ਦੀ ਸੂਚਨਾ ਵੈਕਸੀਨ ਸਬੰਧੀ ਖਰਾਬ ਘਟਨਾ ਦੀ ਸੂਚਨਾ ਦੇਣ ਦੀ ਵਿਵਸਥਾ (Vaccine Adverse Event Reporting System) (VAERS) ਨੂੰ ਦੇਣੀ ਪਵੇਗੀ। ਇਹ ਸੂਚਨਾ ਤੁਹਾਡੇ ਡਾਕਟਰ ਨੂੰ ਦਰਜ ਕਰਾਉਣੀ ਚਾਹੀਦੀ ਹੈ, ਜਾਂ ਤੁਸੀਂ ਇਹ ਕੰਮ ਆਪਣੇ ਆਪ VAERS ਦੀ ਵੈਬਸਾਈਟ **www.vaers.hhs.gov** ਰਾਹੀਂ ਜਾਂ **1-800-822-7967** ਨੰਬਰ 'ਤੇ ਫੋਨ ਕਰਕੇ ਕਰ ਸਕਦੇ ਹੋ।

*VAERS ਕੋਈ ਡਾਕਟਰੀ ਸਲਾਹ ਨਹੀਂ ਦਿੰਦੇ ਹਨ।*

## 6 ਵੈਕਸੀਨ ਤੋਂ ਸੱਟ ਲਈ ਨੈਸ਼ਨਲ ਮੁਆਵਜ਼ਾ ਪ੍ਰੋਗਰਾਮ (National Vaccine Injury Compensation Program)

ਵੈਕਸੀਨ ਤੋਂ ਸੱਟ ਲਈ ਨੈਸ਼ਨਲ ਮੁਆਵਜ਼ਾ ਪ੍ਰੋਗਰਾਮ (National Vaccine Injury Compensation Program) (VICP) ਇੱਕ ਫੈਡਰਲ ਪ੍ਰੋਗਰਾਮ ਹੈ ਜਿਸਨੂੰ ਅਜਿਹੇ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਤਿਆਰ ਕੀਤਾ ਗਿਆ ਸੀ ਜਿਨ੍ਹਾਂ ਨੂੰ ਕੁਝ ਵੈਕਸੀਨਾਂ ਦੇ ਕਾਰਨ ਕੋਈ ਸੱਟ ਲਗੀ ਹੋਵੇ।

ਜਿਨ੍ਹਾਂ ਲੋਕਾਂ ਨੂੰ ਇਹ ਵਿਸ਼ਵਾਸ ਹੈ ਕਿ ਉਹਨਾਂ ਨੂੰ ਕਿਸੇ ਵੈਕਸੀਨ ਦੇ ਕਾਰਨ ਸੱਟ ਲੱਗੀ ਹੋ ਸਕਦੀ ਹੈ, ਉਹ **1-800-338-2382** ਨੰਬਰ 'ਤੇ ਫੋਨ ਕਰਕੇ ਜਾਂ VICP ਦੀ ਵੈਬਸਾਈਟ **www.hrsa.gov/vaccinecompensation** 'ਤੇ ਜਾ ਕੇ ਇਸ ਪ੍ਰੋਗਰਾਮ ਬਾਰੇ ਅਤੇ ਆਪਣੇ ਦਾਅਵੇ ਨੂੰ ਦਰਜ ਕਰਾਉਣ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਮੁਆਵਜ਼ੇ ਲਈ ਦਾਅਵੇ ਨੂੰ ਦਰਜ ਕਰਨ ਲਈ ਸਮੇਂ ਦੀ ਇੱਕ ਨਿਸ਼ਚਿਤ ਸੀਮਾ ਹੁੰਦੀ ਹੈ।

## 7 ਮੈਨੂੰ ਹੋਰ ਜਾਣਕਾਰੀ ਕਿਵੇਂ ਮਿਲ ਸਕਦੀ ਹੈ?

- ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨੂੰ ਪੁੱਛੋ। ਉਹ ਤੁਹਾਨੂੰ ਵੈਕਸੀਨ ਦੇ ਪੈਕਜ ਦੇ ਅੰਦਰ ਮੌਜੂਦ ਬ੍ਰੋਸ਼ਰ ਦੇ ਸਕਦਾ/ਸਕਦੀ ਹੈ ਜਾਂ ਜਾਣਕਾਰੀ ਪ੍ਰਾਪਤ ਕਰਨ ਦੇ ਦੂਜੇ ਸ੍ਰੋਤਾਂ ਬਾਰੇ ਸਲਾਹ ਦੇ ਸਕਦਾ ਹੈ।
- ਆਪਣੇ ਲੋਕਲ ਜਾਂ ਸਟੇਟ ਦੇ ਸਿਹਤ ਵਿਭਾਗ ਨੂੰ ਕਾਲ ਕਰੋ।
- ਸੈਂਟਰਜ਼ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ (Centers for Disease Control and Prevention) (CDC):
  - ਨਾਲ ਸੰਪਰਕ ਕਰੋ **1-800-232-4636 (1-800-CDC-INFO)** 'ਤੇ ਕਾਲ ਕਰੋ ਜਾਂ
  - CDC ਦੀ ਵੈਬਸਾਈਟ 'ਤੇ ਜਾਓ: **www.cdc.gov/hpv**

Vaccine Information Statement
# HPV Vaccine

12/02/2016

Punjabi

42 U.S.C. § 300aa-26

Office Use Only

DCH-1339bPU
AUTH: P. H. S., Act 42, Sect. 2126.

Translation provided by California Department of Public Health

Punjabi

ਇਸ ਕਰਕੇ ਕਿ ਤੁਹਾਡਾ ਡਾਕਟਰ ਲੱਗੇ ਲੋਦਿਆਂ ਦੀ ਸਹੀ ਜਾਣਕਾਰੀ ਲੈ ਸਕੇ, ਲੋਦਿਆਂ ਦੀ ਲੋੜ ਦਾ ਪਤਾ ਲਾ ਸਕੇ ਅਤੇ ਅਗਾਂਹ ਲੱਗਣ ਵਾਲੇ ਲੋਦਿਆਂ ਦੇ ਸਮੇਂ ਬਾਰੇ ਜਾਣ ਸਕੇ, ਸਾਰੀ ਜਾਣਕਾਰੀ Michigan Care Improvement Registry (ਮਿਸ਼ੀਗਨ ਕੇਅਰ ਇਮਪਰੂਵਮੈਂਟ ਰਜਿਸਟਰੀ) ਨੂੰ ਭੇਜੀ ਜਾਵੇਗੀ। ਲੋਕਾਂ ਨੂੰ ਇਹ ਮੰਗ ਕਰਨ ਦਾ ਹੱਕ ਹੈ ਕਿ ਉਨ੍ਹਾਂ ਦਾ ਡਾਕਟਰ ਲੋਦਿਆਂ ਬਾਰੇ ਜਾਣਕਾਰੀ ਰਜਿਸਟਰੀ ਨੂੰ ਨਾ ਭੇਜੇ।